



1-855-626-0002

https://settlement.org/o2o



# Orientation to Ontario

## ਸਰਕਾਰੀ ਸਕੂਲ

ਐਲੀਮੈਂਟਰੀ ਸਕੂਲ ਵਿੱਚ ਕਿੰਡਰਗਾਰਟਨ ਅਤੇ ਗ੍ਰੇਡਸ 1 ਤੋਂ 8 ਸ਼ਾਮਿਲ ਹਨ। ਬੱਚੇ ਆਮ ਤੌਰ 'ਤੇ 4 ਜਾਂ 5 ਸਾਲ ਦੀ ਉਮਰ ਵਿੱਚ ਸਕੂਲ ਜਾਣਾ ਸ਼ੁਰੂ ਕਰਦੇ ਹਨ। ਕੁਝ ਇਲਾਕਿਆਂ ਵਿੱਚ ਗ੍ਰੇਡ 6 ਜਾਂ 7 ਅਤੇ 8 ਲਈ ਮਿਡਲ ਸਕੂਲ ਜਾਂ ਜੂਨੀਅਰ ਪਬਲਿਕ ਸਕੂਲ ਹਨ। ਸੈਕੰਡਰੀ ਸਕੂਲ (ਹਾਈ ਸਕੂਲ ਵੀ ਕਿਹਾ ਜਾਂਦਾ ਹੈ) ਵਿੱਚ ਗ੍ਰੇਡ 9 ਤੋਂ 12 ਸ਼ਾਮਿਲ ਹਨ।

ਆਪਣੇ ਬੱਚਿਆਂ ਦਾ ਸਕੂਲ ਵਿੱਚ ਪਹਿਲੀ ਵਾਰੀ ਨਾਂ ਲਿਖਵਾਉਣ ਲਈ ਤੁਹਾਨੂੰ ਆਪਣੇ ਸਥਾਨਕ ਸਕੂਲ ਬੋਰਡ ਨਾਲ ਸੰਪਰਕ ਕਰਨ ਦੀ ਲੋੜ ਹੈ। ਸਕੂਲ ਇਹ ਨਿਰਣਾ ਕਰਨ ਲਈ ਤੁਹਾਡੇ ਬੱਚਿਆਂ ਦਾ ਮੁਲਾਂਕਣ ਕਰੇਗਾ ਕਿ ਉਹਨਾਂ ਨੂੰ ਕਿਹੜੇ ਗ੍ਰੇਡ ਵਿੱਚ ਹੋਣਾ ਚਾਹੀਦਾ ਹੈ। ਅੰਗ੍ਰੇਜ਼ੀ ਸਿੱਖਣ ਵਾਲੇ ਵਿਦਿਆਰਥੀਆਂ ਲਈ ਭਾਸ਼ਾ ਸਬੰਧੀ ਸਹਾਇਤਾ ਉਪਲਬਧ ਹਨ।

- ontario.ca 'ਤੇ ਸਿੱਖਿਆ ਵਿਭਾਗ 'ਤੇ ਜਾਕੇ ਓਂਟਾਰੀਓ ਵਿੱਚ ਸਰਕਾਰੀ ਸਕੂਲਾਂ ਬਾਰੇ ਜਾਣੋ।
- settlement.org ਜਾਂ findlink.at/educinfo 'ਤੇ ਐਲੀਮੈਂਟਰੀ ਅਤੇ ਸੈਕੰਡਰੀ ਸਕੂਲ ਸਿੱਖਿਆ ਲਈ ਸੇਧਾਂ ਪੜ੍ਹੋ।

### ਸਕੂਲ ਬੋਰਡ

ਓਂਟਾਰੀਓ ਵਿੱਚ 4 ਕਿਸਮ ਦੇ ਸਰਕਾਰੀ ਸਕੂਲ ਬੋਰਡ ਹਨ:

- ਅੰਗ੍ਰੇਜ਼ੀ ਸਰਕਾਰੀ ਸਕੂਲ
- ਅੰਗ੍ਰੇਜ਼ੀ ਕੈਥੋਲਿਕ ਸਕੂਲ
- ਫ੍ਰੈਂਚ ਸਰਕਾਰੀ ਸਕੂਲ
- ਫ੍ਰੈਂਚ ਕੈਥੋਲਿਕ ਸਕੂਲ

ਸਕੂਲ ਬੋਰਡਾਂ ਅਤੇ ਅਥਾਰਿਟੀਆਂ ਦੀ ਸੂਚੀ ਲਈ ontario.ca ਜਾਂ findlink.at/boardlist 'ਤੇ ਓਂਟਾਰੀਓ ਸਿੱਖਿਆ ਮਹਿਕਮੇ 'ਤੇ ਜਾਓ।

### ਪੂਰੇ ਦਿਨ ਦਾ ਕਿੰਡਰਗਾਰਟਨ

ਓਂਟਾਰੀਓ ਦੇ ਸਾਰੇ ਸਰਕਾਰੀ ਅਤੇ ਕੈਥੋਲਿਕ ਸਕੂਲ 4 ਅਤੇ 5 ਸਾਲ ਦੇ ਬੱਚਿਆਂ (ਜੂਨੀਅਰ ਅਤੇ ਸੀਨੀਅਰ) ਲਈ ਪੂਰੇ ਦਿਨ ਦੇ ਕਿੰਡਰਗਾਰਟਨ ਦੀ ਪੇਸ਼ਕਸ਼ ਕਰਦੇ ਹਨ।

ਕੁਝ ਸਕੂਲ ਕਿੰਡਰਗਾਰਟਨ ਦੇ ਵਿਦਿਆਰਥੀਆਂ ਲਈ ਸਕੂਲ ਤੋਂ ਪਹਿਲਾਂ ਅਤੇ ਸਕੂਲ ਤੋਂ ਬਾਅਦ ਦੇ ਪ੍ਰੋਗਰਾਮਾਂ ਦੀ ਵੀ ਪੇਸ਼ਕਸ਼ ਕਰਦੇ ਹਨ।

ਹੋਰ ਜਾਣਕਾਰੀ ਲਈ ontario.ca ਜਾਂ findlink.at/full-dayK 'ਤੇ ਸਿੱਖਿਆ ਮਹਿਕਮੇ 'ਤੇ ਜਾਓ।

### ਫ੍ਰੈਂਚ ਭਾਸ਼ਾ ਦੀ ਪੜ੍ਹਾਈ

ਕਈ ਸਕੂਲ ਬੋਰਡ, ਉਹਨਾਂ ਬੱਚਿਆਂ ਲਈ ਫ੍ਰੈਂਚ ਭਾਸ਼ਾ ਦੀ ਸਿੱਖਿਆ ਮੁਹੱਈਆ ਕਰਦੇ ਹਨ, ਜਿਹਨਾਂ ਦੇ ਮਾਤਾ-ਪਿਤਾ ਫ੍ਰੈਂਚ ਬੋਲਦੇ ਹਨ। ਸਿੱਖਿਆ ਮਹਿਕਮੇ 'ਤੇ ਫ੍ਰੈਂਚ ਸਕੂਲਾਂ ਬਾਰੇ ਹੋਰ ਜਾਣੋ: ontario.ca ਜਾਂ findlink.at/FSL

### ਫ੍ਰੈਂਚ ਭਾਸ਼ਾ ਦੀ ਪੜ੍ਹਾਈ-ਲਿਖਾਈ

ਅੰਗ੍ਰੇਜ਼ੀ ਦੇ ਸਰਕਾਰੀ ਅਤੇ ਕੈਥੋਲਿਕ ਸਕੂਲਾਂ ਵਿੱਚ ਫ੍ਰੈਂਚ ਦੀ ਪੜ੍ਹਾਈ-ਲਿਖਾਈ ਤਿੰਨ ਤਰ੍ਹਾਂ ਨਾਲ ਕਰਾਈ ਜਾਂਦੀ ਹੈ। ਤੁਹਾਡੇ ਇਲਾਕੇ ਵਿੱਚ ਵਿਦਿਆਰਥੀਆਂ ਲਈ ਕਿਹੜੇ ਪ੍ਰੋਗਰਾਮ ਉਪਲਬਧ ਹਨ, ਤਾਂ ਪਤਾ ਲਾਉਣ ਲਈ ਆਪਣੇ ਸਕੂਲ ਬੋਰਡ ਨਾਲ ਸੰਪਰਕ ਕਰੋ:

- ਬੁਨਿਆਦੀ ਫ੍ਰੈਂਚ – ਵਿਦਿਆਰਥੀ ਫ੍ਰੈਂਚ ਨੂੰ ਇੱਕ ਵਿਸ਼ੇ ਵਜੋਂ ਪੜ੍ਹਦੇ ਹਨ।
- ਐਕਸਟੈਂਡਿਡ ਫ੍ਰੈਂਚ - ਵਿਦਿਆਰਥੀ ਫ੍ਰੈਂਚ ਨੂੰ ਇੱਕ ਵਿਸ਼ੇ ਵਜੋਂ ਪੜ੍ਹਦੇ ਹਨ ਅਤੇ ਫ੍ਰੈਂਚ ਦੋ ਜਾਂ ਵੱਧ ਹੋਰ ਵਿਸ਼ਿਆਂ ਲਈ ਪੜ੍ਹਾਈ-ਲਿਖਾਈ ਦੀ ਭਾਸ਼ਾ ਹੈ।

Funded by / Financé par

Immigration, Refugees and Citizenship Canada | Immigration, Réfugiés et Citoyenneté Canada

Ontario

ਫ਼੍ਰੈਂਚ ਇਮਰਸ਼ਨ– ਵਿਦਿਆਰਥੀ ਫ਼੍ਰੈਂਚ ਨੂੰ ਇੱਕ ਵਿਸ਼ੇ ਵਜੋਂ ਪੜ੍ਹਦੇ ਹਨ ਅਤੇ ਫ਼੍ਰੈਂਚ ਘੱਟੋ-ਘੱਟ ਇੱਕ ਹੋਰ ਵਿਸ਼ੇ ਲਈ ਪੜ੍ਹਾਈ-ਲਿਖਾਈ ਦੀ ਭਾਸ਼ਾ ਹੈ।

ਸਿੱਖਿਆ ਮਹਿਕਮੇ 'ਤੇ FSL ਪ੍ਰੋਗਰਾਮਾਂ ਬਾਰੇ ਹੋਰ ਜਾਣੋ: ontario.ca ਜਾਂ findlink.at/onfs

## ਵਿਸ਼ੇਸ਼ ਜ਼ਰੂਰਤਾਂ ਵਾਲੀ ਸਿੱਖਿਆ

ਵਿਹਾਰ ਸਬੰਧੀ, ਗੱਲਬਾਤ ਕਰਨ, ਬੌਧਿਕ ਜਾਂ ਸਰੀਰਕ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਲਈ ਪ੍ਰੋਗਰਾਮ ਉਪਲਬਧ ਹਨ, ਜਿਸ ਨਾਲ ਉਹ ਆਪਣੇ ਸਕੂਲ ਦੇ ਅਨੁਭਵਾਂ ਤੋਂ ਪੂਰਾ ਲਾਭ ਲੈਂਦੇ ਹਨ। ਸਕੂਲ ਪੜ੍ਹਾਈ-ਲਿਖਾਈ ਵਿੱਚ ਅਸਮਰੱਥ ਵਿਦਿਆਰਥੀਆਂ ਨੂੰ ਮਦਦ ਦੀ ਵੀ ਪੇਸ਼ਕਸ਼ ਕਰਦੇ ਹਨ।

ਸਿੱਖਿਆ ਮਹਿਕਮੇ 'ਤੇ ਇਹਨਾਂ ਪ੍ਰੋਗਰਾਮਾਂ ਬਾਰੇ ਜਾਣੋ: ontario.ca ਜਾਂ findlink.at/Spec/Edu



### ਅਹਿਮ ਟਿੱਪਣੀ

ਸਰਕਾਰੀ ਸਕੂਲਾਂ ਵਿੱਚ ਆਉਣ ਵਾਲੇ ਬੱਚਿਆਂ ਤੋਂ ਕੋਈ ਲਾਗਤ ਨਹੀਂ ਲਈ ਜਾਂਦੀ।

ਸਕੂਲ ਜਾਣ ਵਾਲੇ ਸਾਰੇ ਬੱਚਿਆਂ ਦੀ ਉਮਰ 6 ਅਤੇ 18 ਸਾਲ ਵਿਚਕਾਰ ਹੋਣੀ ਚਾਹੀਦੀ ਹੈ।



### DID YOU KNOW?

French as a second language instruction is offered to all English public and Catholic students.



orientation to ontario
l'ontario c'est chez moi